## ਵਿਸ਼ਾ ਪੰਜਾਬੀ     ਜਮਾਤ ਨੌਵੀਂ/ਦਸਵੀਂ

---

### ਕਾਲ ਦਾ ਅਰਥ, ਕਿਸਮਾਂ ਅਤੇ ਉਦਾਹਰਨਾਂ

**ਪ੍ਰਸ਼ਨ :-ਕਾਲ ਕੀ ਹੁੰਦਾ ਹੈ ? ਇਸਦੇ ਕਿੰਨੇ ਭੇਦ ਹਨ ?**

**ਜਾਂ**

**ਕਾਲ ਕੀ ਹੁੰਦਾ ਹੈ ? ਇਸ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ।**

ਉੱਤਰ:- ਕਾਲ ਦਾ ਅਰਥ ਹੈ 'ਸਮਾਂ' । ਸਮੇਂ ਦੇ ਭੇਦ ਕਰਕੇ ਕਿਰਿਆ ਜੋ ਵੱਖ-ਵੱਖ ਰੂਪ ਧਾਰਦੀ ਹੈ , ਉਨ੍ਹਾਂ ਨੂੰ ਕਿਰਿਆ ਦੇ ਕਾਲ  ਕਿਹਾ ਜਾਂਦਾ ਹੈ। ਕਾਲ ਤਿੰਨ ਪ੍ਰਕਾਰ ਦੇ ਹੁੰਦੇ ਹਨ-

**(I)ਵਰਤਮਾਨ ਕਾਲ:-** ਜਦੋਂ ਕਿਰਿਆ ਦਾ ਕੰਮ ਹੁਣ ਦੇ ਸਮੇਂ ਵਿੱਚ ਹੋਵੇ, ਤਾਂ ਉਸ ਨੂੰ 'ਵਰਤਮਾਨ ਕਾਲ' ਕਿਹਾ ਜਾਂਦਾ ਹੈ; ਜਿਵੇਂ:-

-ਸੁਰਜੀਤ ਖੇਡਦਾ ਹੈ।
-ਮੈਂ ਚਾਹ ਪੀਂਦਾ ਹਾਂ।
-ਮੈਂ ਪਤੰਗ ਉਡਾ ਰਿਹਾ ਹਾਂ।
-ਅਸੀਂ ਆਪਣਾ ਕੰਮ ਮੁਕਾ ਚੁੱਕੇ ਹਾਂ।
-ਉਹ ਦੋ ਘੰਟਿਆਂ ਤੋਂ ਪੜ੍ਹ ਰਿਹਾ ਹੈ।

**(ii)ਭੂਤ ਕਾਲ:-** ਜਦੋਂ ਕਿਰਿਆ ਦਾ  ਕੰਮ ਬੀਤ ਗਏ ਸਮੇਂ ਵਿੱਚ ਹੋਇਆ ਹੋਵੇ, ਤਾਂ ਉਸ ਸਮੇਂ ਨੂੰ 'ਭੂਤ ਕਾਲ' ਆਖਿਆ ਜਾਂਦਾ ਹੈ ; ਜਿਵੇਂ:-

-ਸੁਰਜੀਤ ਖੇਡਦਾ ਸੀ।
-ਮੈਂ ਚਾਹ ਪੀਤੀ।
-ਮੈਂ ਪਤੰਗ ਉਡਾ ਰਿਹਾ ਸੀ।
-ਅਸੀਂ ਆਪਣਾ ਕੰਮ ਮੁਕਾ ਚੁੱਕੇ ਸੀ।
-ਉਹ ਦੋ ਘੰਟਿਆਂ ਤੋਂ ਪੜ੍ਹ ਰਿਹਾ ਸੀ।

**(iii)ਭਵਿੱਖਤ ਕਾਲ:-** ਜਦੋਂ ਕਿਰਿਆ ਦਾ ਕੰਮ ਆਉਣ ਵਾਲੇ ਸਮੇਂ ਵਿੱਚ ਹੋਣਾ ਹੋਵੇ, ਉਸ ਸਮੇਂ ਨੂੰ 'ਭਵਿੱਖਤ ਕਾਲ' ਆਖਿਆ ਜਾਂਦਾ ਹੈ; ਜਿਵੇਂ:-

-ਸੁਰਜੀਤ ਖੇਡੇਗਾ।
-ਮੈਂ ਚਾਹ ਪੀਵਾਂਗਾ।
-ਮੈਂ ਪਤੰਗ ਉਡਾ ਰਿਹਾ ਹੋਵਾਂਗਾ।
-ਅਸੀਂ ਆਪਣਾ ਕੰਮ ਮੁਕਾ ਚੁੱਕੇ ਹੋਵਾਂਗੇ।
- ਉਹ ਦੋ ਘੰਟਿਆਂ ਤੋਂ ਪੜ੍ਹ ਰਿਹਾ ਹੋਵੇਗਾ।

**ਪ੍ਰਸ਼ਨ:- ਹੇਠ ਲਿਖੇ ਵਾਕ ਕਿਹੜੇ ਕਾਲ ਨਾਲ ਸੰਬੰਧ ਰੱਖਦੇ ਹਨ :-**

**-ਭਾਰਤ ਦੀ ਟੀਮ ਜਿੱਤੇਗੀ ।**
**ਉੱਤਰ:- ਭਵਿੱਖਤ ਕਾਲ।**

**-ਮੁੱਖ ਮੰਤਰੀ ਭਾਸ਼ਣ ਕਰ ਰਹੇ ਹਨ ।**
**ਉੱਤਰ:- ਵਰਤਮਾਨ ਕਾਲ।**

**-ਅਧਿਆਪਕਾ ਪੜ੍ਹਾ ਰਹੀ ਹੈ।**
**ਉੱਤਰ:- ਵਰਤਮਾਨ ਕਾਲ।**

**-ਉਨ੍ਹਾਂ ਨੇ ਦਰਿਆ ਪਾਰ ਕਰ ਲਿਆ ਸੀ ।**
**ਉੱਤਰ:- ਭੂਤ ਕਾਲ।**

**-ਮੁੱਖ ਮੰਤਰੀ ਜੀ ਨੇ ਪਿੰਡ ਦਾ ਦੌਰਾ ਕੀਤਾ ।**
**ਉੱਤਰ:-ਭੂਤ ਕਾਲ।**

**-ਵਿਦਿਆਰਥੀ ਖੇਡਾਂ ਵਿਚ ਭਾਗ ਲੈਂਦੇ ਹਨ ।**
**ਉੱਤਰ:- ਵਰਤਮਾਨ ਕਾਲ।**

**-ਕੁੜੀਆਂ ਪੀਂਘਾਂ ਝੂਟਣਗੀਆਂ ।**
**ਉੱਤਰ:- ਭਵਿੱਖਤ ਕਾਲ।**

**-ਮਾਸਟਰ ਜੀ ਨੇ ਕੱਲ੍ਹ ਇਹ ਪਾਠ ਪੜ੍ਹਾਇਆ ਸੀ।**
**ਉੱਤਰ:-ਭੂਤ ਕਾਲ।**

ਪ੍ਰਸ਼ਨ:- ਅੱਗੇ ਦਿੱਤੇ ਗਏ ਵਾਕਾਂ ਦਾ ਬ੍ਰੈਕਟ ਵਿੱਚ ਲਿਖੇ ਅਨੁਸਾਰ ਕਾਲ ਬਦਲੋ-

ੳ) ਮੋਹਨ ਸੋਹਨ ਨੂੰ ਕੁੱਟ ਰਿਹਾ ਹੈ।
( ਭਵਿੱਖਤ ਕਾਲ)

ਅ) ਮੀਂਹ ਪੈ ਰਿਹਾ ਹੈ। ( ਭੂਤ ਕਾਲ)

ੲ) ਮੁੱਖ-ਅਧਿਆਪਕ ਜੀ ਭਾਸ਼ਣ ਦੇ ਰਹੇ ਸਨ। (ਵਰਤਮਾਨ ਕਾਲ )

ਸ) ਅਧਿਆਪਕ ਪੜ੍ਹਾ ਰਿਹਾ ਹੈ ਅਤੇ ਬੱਚੇ ਖੇਡ ਰਹੇ ਹਨ। (ਭਵਿੱਖਤ ਕਾਲ )

ਹ) ਉਹ ਮੇਲਾ ਵੇਖਣ ਗਏ ਹੋਣਗੇ। (ਵਰਤਮਾਨ ਕਾਲ)

ਕ) ਪੰਛੀ ਸਵੇਰ ਤੋਂ ਚਹਿਚਹਾ ਰਹੇ ਹੋਣਗੇ। (ਭੂਤ ਕਾਲ)

ਖ) ਪ੍ਰੀਖਿਆ ਹਾਲ ਵਿੱਚ ਵਿਦਿਆਰਥੀ ਪੇਪਰ ਦੇ ਰਹੇ ਸਨ। (ਭਵਿੱਖਤ ਕਾਲ)

ਗ) ਘਰ-ਘਰ ਵਿੱਚ ਦੀਵਾਲੀ ਮਨਾਈ ਜਾਂਦੀ ਹੈ। (ਭੂਤ ਕਾਲ)

ਘ) ਕਿਸਾਨ ਖੇਤਾਂ ਵਿੱਚ ਹਲ਼ ਵਾਹ ਰਿਹਾ ਹੋਵੇਗਾ। (ਵਰਤਮਾਨ ਕਾਲ)

ਉੱਤਰ:- ੳ) ਮੋਹਨ ਸੋਹਨ ਨੂੰ ਕੁੱਟ ਰਿਹਾ ਹੋਵੇਗਾ।

ਅ) ਮੀਂਹ ਪੈ ਰਿਹਾ ਸੀ।

ੲ) ਮੁੱਖ ਅਧਿਆਪਕ ਜੀ ਭਾਸ਼ਣ ਦੇ ਰਹੇ ਹਨ।

ਸ) ਅਧਿਆਪਕ ਪੜ੍ਹਾ ਰਿਹਾ ਹੋਵੇਗਾ ਅਤੇ ਬੱਚੇ ਖੇਡ ਰਹੇ ਹੋਣਗੇ।

ਹ) ਉਹ ਮੇਲਾ ਵੇਖਣ ਗਏ ਹਨ।

ਕ) ਪੰਛੀ ਸਵੇਰ ਤੋਂ ਚਹਿਚਹਾ ਰਹੇ ਸਨ।

**ਖ) ਪ੍ਰੀਖਿਆ ਹਾਲ ਵਿੱਚ ਵਿਦਿਆਰਥੀ ਪੇਪਰ ਦੇ ਰਹੇ ਹੋਣਗੇ।**

**ਗ) ਘਰ-ਘਰ ਵਿੱਚ ਦੀਵਾਲੀ ਮਨਾਈ ਜਾਂਦੀ ਸੀ।**

**ਘ) ਕਿਸਾਨ ਖੇਤਾਂ ਵਿੱਚ ਹਲ਼ ਵਾਹ ਰਿਹਾ ਹੈ।**

**ਪ੍ਰਸ਼ਨ:-ਅੱਗੇ ਲਿਖੇ ਵਾਕ ਨੂੰ ਭੂਤਕਾਲ ਅਤੇ ਵਰਤਮਾਨ ਕਾਲ ਵਿੱਚ ਬਦਲਣ ਉਪਰੰਤ ਦੋ ਵੱਖਰੇ-ਵੱਖਰੇ ਵਾਕ ਬਣਾਉ-**

**ਪ੍ਰਿੰਸੀਪਲ ਸਾਹਿਬ ਭਾਸ਼ਨ ਦੇ ਰਹੇ ਹੋਣਗੇ।**

**(i)ਭੂਤਕਾਲ:-** ਪ੍ਰਿੰਸੀਪਲ ਸਾਹਿਬ ਭਾਸ਼ਨ ਦੇ ਰਹੇ ਸਨ।
**(ii)ਵਰਤਮਾਨ ਕਾਲ:-** ਪ੍ਰਿੰਸੀਪਲ ਸਾਹਿਬ ਭਾਸ਼ਨ ਦੇ ਰਹੇ ਹਨ।

**ਪ੍ਰਸ਼ਨ:-ਅੱਗੇ ਲਿਖੇ ਵਾਕ ਨੂੰ ਭੂਤਕਾਲ ਅਤੇ ਭਵਿੱਖਤ ਕਾਲ ਵਿੱਚ ਬਦਲਣ ਉਪਰੰਤ ਦੋ ਵੱਖਰੇ-ਵੱਖਰੇ ਵਾਕ ਬਣਾਉ-**

**ਮਨਜੀਤ ਸੁਨੀਤਾ ਨੂੰ ਸਮਝਾ ਰਹੀ ਹੈ।**

**(i)ਭੂਤਕਾਲ:-** ਮਨਜੀਤ ਸੁਨੀਤਾ ਨੂੰ ਸਮਝਾ ਰਹੀ ਸੀ।
**(ii) ਭਵਿੱਖਤ ਕਾਲ:-** ਮਨਜੀਤ ਸੁਨੀਤਾ ਨੂੰ ਸਮਝਾ ਰਹੀ ਹੋਵੇਗੀ।

**ਪ੍ਰਸ਼ਨ:-ਅੱਗੇ ਲਿਖੇ ਵਾਕ ਨੂੰ ਵਰਤਮਾਨ ਕਾਲ ਅਤੇ ਭਵਿੱਖਤ ਕਾਲ ਵਿੱਚ ਬਦਲਣ ਉਪਰੰਤ ਦੋ ਵੱਖਰੇ-ਵੱਖਰੇ ਵਾਕ ਬਣਾਉ-**

**ਮੀਂਹ ਪੈ ਰਿਹਾ ਸੀ।**

**(i)ਵਰਤਮਾਨ ਕਾਲ:-** ਮੀਂਹ ਪੈ ਰਿਹਾ ਹੈ।
**(ii) ਭਵਿੱਖਤ ਕਾਲ:-** ਮੀਂਹ ਪੈ ਰਿਹਾ ਹੋਵੇਗਾ।

**ਪ੍ਰਸ਼ਨ:-ਜਿਸ ਸਮੇਂ ਵਿੱਚ ਕਿਰਿਆ ਦਾ ਕੰਮ ਹੋਵੇ, ਉਸਨੂੰ ਕੀ ਕਹਿੰਦੇ ਹਨ?**
**ਉੱਤਰ:- ਕਾਲ।**

**ਪ੍ਰਸ਼ਨ:-ਕਾਲ ਕਿੰਨੀ ਪ੍ਰਕਾਰ ਦੇ ਹੁੰਦੇ ਹਨ?**
**ਉੱਤਰ:- ਤਿੰਨ।**

**ਪ੍ਰਸ਼ਨ:-ਕਾਲ ਦੀਆਂ ਕਿਸਮਾਂ ਦੇ ਨਾਂ ਲਿਖੋ?**
**ਉੱਤਰ:-ਕਾਲ ਦੀਆਂ ਤਿੰਨ ਕਿਸਮਾਂ ਹਨ-**
**ੳ) ਭੂਤ ਕਾਲ ।**
**ਅ) ਭਵਿੱਖਤ ਕਾਲ ।**
**ੲ) ਵਰਤਮਾਨ ਕਾਲ।**

**ਪ੍ਰਸ਼ਨ:- ਹੇਠ ਲਿਖੇ ਵਾਕ ਵਿੱਚ ਕਿਹੜਾ ਕਾਲ ਹੈ?**
**ਬੱਚੇ ਖੇਡ ਰਹੇ ਸਨ।**
**ਉੱਤਰ:- ਭੂਤਕਾਲ।**

**ਪ੍ਰਸ਼ਨ:- 'ਮੁੰਡਾ ਬਹੁਤ ਹੱਸ ਰਿਹਾ ਹੈ।' - ਇਸ ਵਾਕ ਵਿੱਚ ਕਿਹੜਾ ਕਾਲ ਹੈ?**
**ਉੱਤਰ:-ਵਰਤਮਾਨ ਕਾਲ।**

**ਪ੍ਰਸ਼ਨ:- 'ਉਹ ਬਾਗ਼ ਵਿਚ ਸੈਰ ਕਰ ਰਹੇ ਹਨ।' - ਇਸ ਵਾਕ ਨੂੰ ਭੂਤ ਕਾਲ ਵਿੱਚ ਬਦਲੋ।**
**ਉੱਤਰ:- ਉਹ ਬਾਗ਼ ਵਿਚ ਸੈਰ ਕਰ ਰਹੇ ਸਨ।**

**ਪ੍ਰਸ਼ਨ:- 'ਮਨੋਜ ਪਹਿਲੇ ਦਰਜ਼ੇ ਤੇ ਆਇਆ।' - ਇਸ ਵਾਕ ਨੂੰ ਭਵਿੱਖ ਕਾਲ ਵਿੱਚ ਬਦਲੋ।**
**ਉੱਤਰ:- ਮਨੋਜ ਪਹਿਲੇ ਦਰਜ਼ੇ ਆਏਗਾ।**

---

ਤਿਆਰ ਕਰਤਾ,
ਸੀਮਾ ਰਾਣੀ,
ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੌਂਤਾ ( ਲੁਧਿਆਣਾ)।